# ਡਾ. ਕਰਨੈਲ ਸਿੰਘ ਥਿੰਦ, (ਸਾਬਕਾ ਪ੍ਰੋ. ਅਤੇ ਰਜਿਸਟਰਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਆਜੀਵਨ ਫੈਲੋਸ਼ਿਪ ਪ੍ਰਦਾਨ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਆਯੋਜਿਤ ਕੀਤੀ ਗਈ 22ਵੀਂ ਅੰਤਰ-ਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ ਦੇ ਉਦਘਾਟਨੀ ਸੈਸ਼ਨ ਵਿਚ ਪਹਿਲੀ ਫਰਵਰੀ 2006 ਨੂੰ ਸ੍ਰੀਮਤੀ ਰਾਜਿੰਦਰ ਕੌਰ ਭੱਠਲ, ਉਪ- ਮੁਖ ਮੰਤਰੀ ਅਤੇ ਸਿਖਿਆ ਮੰਤਰੀ ਪੰਜਾਬ ਨੇ ਡਾ. ਕਰਨੈਲ ਸਿੰਘ ਥਿੰਦ ਦੀਆਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਪ੍ਰਾਪਤੀਆਂ ਨੂੰ ਮੁੱਖ ਰੱਖ ਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਉਨ੍ਹਾਂ ਨੂੰ **ਆਜੀਵਨ ਫੈਲੋਸ਼ਿਪ (Life Fellowship)** ਦੇ ਐਵਾਰਡ ਨਾਲ ਸਨਮਾਨਿਤ ਕੀਤਾ।ਵਾਈਸ ਚਾਂਸਲਰ, ਸਵਰਨ ਸਿੰਘ ਬੋਪਾਰਾਏ ਅਤੇ ਡਾ. ਧਨਵੰਤ ਕੌਰ, ਮੁਖੀ ਪੰਜਾਬੀ ਭਾਸ਼ਾ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਜਾਰੀ ਕੀਤੇ ਗਏ **ਮਾਣ ਪੱਤਰ** ਵਿਚ ਲਿਖਿਆ ਹੈ ਕਿ :-

"ਡਾ. ਕਰਨੈਲ ਸਿੰਘ ਥਿੰਦ ਪੰਜਾਬੀ ਲੋਕਧਾਰਾ ਦੇ ਟਕਸਾਲੀ ਵਿਦਵਾਨ ਹਨ।ਪੰਜਾਬੀ ਲੋਕਧਾਰਾ ਦੀ ਪ੍ਰਮਾਣਿਕ ਪਛਾਣ ਬਣਾਉਣ ਤੇ ਇਕ ਅਹਿਮ ਵਿਸ਼ੇ ਵਜੋਂ ਇਸਨੂੰ ਅਕਾਦਮਿਕ ਕੋਰਸਾਂ ਦਾ ਸਜੀਵ ਤੇ ਸ਼ਕਤੀਸ਼ਾਲੀ ਅੰਗ ਬਣਾਉਣ ਵਿਚ ਉਨ੍ਹਾਂ ਨੇ ਮੁਲਵਾਨ ਯੋਗਦਾਨ ਪਾਇਆ ਹੈ।ਆਪ ਪਿਛਲੀ ਅੱਧੀ ਸਦੀ ਤੋਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਖੇਤਰਾਂ ਵਿਚ ਅਧਿਐਨ, ਅਧਿਆਪਨ ਤੇ ਖੋਜ ਕਾਰਜਾਂ ਨਾਲ ਜੁੜੇ ਹੋਏ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਵਿਭਾਗ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਅਧਿਐਨ ਵਿਭਾਗ ਵਿਖੇ ਪ੍ਰੋਫੈਸਰ ਤੇ ਮੁਖੀ ਤੋਂ ਇਲਾਵਾ ਰਜਿਸਟਰਾਰ ਰਹਿੰਦਿਆਂ ਜਾਂ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੇ ਡਾਇਰੈਕਟਰ ਰਹਿੰਦਿਆਂ ਵੀ ਆਪ ਖੋਜ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਰਹੇ ਹਨ।ਪੰਜਾਬੀ ਲੋਕਧਾਰਾ ਦੇ ਵਿਭਿੰਨ ਰੂਪਾਂ ਨੂੰ ਵਿਧੀ ਬੱਧ ਰੂਪ ਵਿਚ ਸਮਝਣ, ਨਿਖੇੜਨ, ਪਰਿਭਾਸ਼ਿਤ ਤੇ ਵਿਸ਼ਲੇਸ਼ਿਤ ਕਰਨ ਲਈ ਉਨ੍ਹਾਂ ਨੇ ਲਗਭਗ ਡੇਢ ਦਰਜਨ ਮੌਲਿਕ ਤੇ ਸੰਪਾਦਿਤ ਪੁਸਤਕਾਂ ਦਿੱਤੀਆਂ ਹਨ।ਪੰਜਾਬ ਦਾ ਲੋਕ ਵਿਰਸਾ ਤੇ ਵੰਡ ਉਪਰੰਤ ਪਾਕਿਸਤਾਨੀ ਪੰਜਾਬ ਵਿਚ ਲਿਖਿਆ ਜਾ ਰਿਹਾ ਪੰਜਾਬੀ ਸਾਹਿਤ ਡਾ. ਕਰਨੈਲ ਸਿੰਘ ਥਿੰਦ ਦੀ ਵਿਸ਼ੇਸ਼ਗਤਾ ਦੇ ਖਾਸ ਖੇਤਰ ਹਨ।ਉਨ੍ਹਾਂ ਦੀ ਦੂਰ ਅੰਦੇਸ਼ ਦ੍ਰਿਸ਼ਟੀ, ਉਚੇਰੀ ਸੂਝ ਤੇ ਖੋਜੀ ਬਿਰਤੀ ਨੇ ਸਭਿਆਚਾਰ ਵਿਗਿਆਨ ਤੇ ਵਿਰਾਸਤੀ ਗੌਰਵ ਦਾ ਸੁਮੇਲ ਕਰਦਿਆਂ ਮੌਲਿਕ ਧਾਰਨਾਵਾਂ ਪ੍ਰਸਤੁਤ ਕੀਤੀਆਂ ਹਨ।ਆਪਣੀ ਲੋਕਧਾਰਾਈ ਵਿਰਾਸਤ ਦੀਆਂ ਜੀਵੰਤ ਰੌਆਂ ਨੂੰ ਸਾਂਭਣ ਤੇ ਸਮਝਣ ਦੇ ਖੇਤਰ ਵਿਚ ਡਾ. ਕਰਨੈਲ ਸਿੰਘ ਥਿੰਦ ਵਰਗੇ ਸਭਿਆਚਾਰ ਵਿਗਿਆਨੀ ਇਕ ਪ੍ਰੇਰਨਾ ਸ੍ਰੋਤ ਹਨ।ਪੰਜਾਬੀ ਯੂਨੀਵਰਸਿਟੀ, ਪਟਿਆਲਾ ਉਨ੍ਹਾਂ ਦੀ ਸਵਸਥ ਤੇ ਲੰਮੀ ਉਮਰ ਲਈ ਕਾਮਨਾ ਕਰਦੀ ਹੈ ਅਤੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵਿਚ ਉਨ੍ਹਾਂ ਨੂੰ ਆਜੀਵਨ ਫੈਲੋਸ਼ਿਪ (Life Fellowship) ਪ੍ਰਦਾਨ ਕਰਦਿਆਂ ਵਿਸ਼ੇਸ਼ ਮਾਣ ਮਹਿਸੂਸ ਕਰਦੀ ਹੈ।"

ਡਾ. ਕਰਨੈਲ ਸਿੰਘ ਥਿੰਦ 1989 ਵਿਚ ਯੂਨੀਵਰਸਿਟੀ ਤੋਂ ਰਿਟਾਇਰ ਹੋ ਕੇ ਦੋ ਸਾਲਾਂ ਲਈ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ ਦੇ ਡਾਇਰੈਕਟਰ ਲਗ ਗਏ। ਇਥੋਂ ਫਾਰਗ਼ ਹੋ ਕੇ ਡਾ. ਥਿੰਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਫੈਲੋ ਵਜੋਂ ਅਤੇ ਭਾਰਤ ਸਰਕਾਰ ਦੇ ਸਭਿਆਚਾਰਕ ਮਾਮਲੇ ਵਿਭਾਗ ਦੇ ਸੀਨੀਅਰ ਫੈਲੋ ਵਜੋਂ ਖੋਜ ਪ੍ਰਾਜੈਕਟਾਂ ਉਪਰ ਕੰਮ ਕਰਦੇ ਰਹੇ ਹਨ ਅਤੇ ਅੱਜ ਕਲ ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਮਿਲੀ ਸੀਨੀਅਰ ਫੈਲੋਸ਼ਿਪ ਅਧੀਨ ਆਪ **ਪੰਜਾਬ ਦਾ ਲੋਕ ਵਿਰਸਾ** (ਭਾਗ ਦੂਜਾ) ਨਾਂ ਦੀ ਪੁਸਤਕ ਲਿਖ ਰਹੇ ਹਨ।

ਡਾ. ਥਿੰਦ ਦੀ ਵਿਸ਼ੇਸ਼ੱਗਤਾ ਦੇ ਮੁੱਖ ਖੇਤਰ – **ਪੰਜਾਬੀ ਭਾਸ਼ਾ, ਪੰਜਾਬ ਦਾ ਫੋਕਲੋਰ** ਤੇ **ਸਭਿਆਚਾਰ** ਤੋਂ ਇਲਾਵਾ **ਪਾਕਿਸਤਾਨੀ ਪੰਜਾਬੀ ਸਾਹਿਤ** ਹੈ। ਜਿਥੇ ਉਹ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਨਾਲ ਸੰਬੰਧਿਤ ਡੇਢ ਦਰਜਨ ਪੁਸਤਕਾਂ ਦੇ ਲੇਖਕ/ਸੰਪਾਦਕ ਹਨ ਉਥੇ ਉਨ੍ਹਾਂ ਦੇ 75 ਦੇ ਲਗਭਗ ਖੋਜ ਪੱਤਰ ਵੀ ਛਪ ਚੁੱਕੇ ਹਨ। ਡਾ. ਕਰਨੈਲ ਸਿੰਘ ਥਿੰਦ ਜਿੱਥੇ ਵੱਖ ਵੱਖ ਯੂਨੀਵਰਸਿਟੀਆਂ ਨਾਲ ਬਤੌਰ ਮੈਂਬਰ ਸਿੰਡੀਕੇਟ, ਸੈਨੇਟ, ਅਕਾਦਮਿਕ ਕੌਂਸਲ, ਚੇਅਰਮੈਨ ਪੰਜਾਬੀ ਬੋਰਡ ਅਤੇ ਡੀਨ ਭਾਸ਼ਾ ਫੈਕਲਟੀ ਵਜੋਂ ਜੁੜੇ ਹੋਏ ਹਨ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਜੀਵਨ ਮੈਂਬਰ ਹਨ, ਉਥੇ ਉਨ੍ਹਾਂ ਦੀ ਪੰਜਾਬੀ ਸੰਬੰਧੀ ਪ੍ਰਤੀਬੱਧਤਾ ਨੂੰ ਮੁੱਖ ਰਖਦੇ ਹੋਇਆਂ ਕਾਲਜਾਂ ਦੀ ਪੱਧਰ ਤੇ ਪੰਜਾਬੀ ਦੀ ਲਾਜ਼ਮੀ ਪੜ੍ਹਾਈ ਨੂੰ ਲਾਗੂ ਕਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਦੋ ਮੈਂਬਰੀ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਤੇ ਪੰਜਾਬ ਯੂਨੀਵਰਸਿਟੀ ਸਿੰਡੀਕੇਟ ਵਲੋਂ ਬਣਾਈ ਗਈ 15 ਮੈਂਬਰੀ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ। ਹੁਣ ਤਕ ਡਾ. ਥਿੰਦ ਸਤੱਰ ਦੇ ਲਗ ਪਗ ਨੈਸ਼ਨਲ ਤੇ ਅੰਤਰ-ਰਾਸ਼ਟਰੀ ਪੱਧਰ ਦੀਆਂ ਕਾਨਫਰੰਸਾਂ ਅਤੇ ਸੈਮੀਨਾਰਾਂ ਵਿਚ ਯੋਗਦਾਨ ਪਾ ਚੁੱਕੇ ਹਨ। ਆਪ ਸਾਲ 2000 ਅਤੇ 2003 ਵਿਚ ਅਦਾਰਾ ਸਾਊਥ ਏਸ਼ੀਅਨ ਰੀਵੀਊ ਵਲੋਂ ਪ੍ਰਿੰਸ ਜਾਰਜ ਵਿਖੇ, ਕਰਵਾਈਆਂ ਗਈਆਂ ਦੋਵਾਂ ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਪ੍ਰਧਾਨ ਸਨ।

ਯੂਨੀਵਰਸਿਟੀਆਂ ਦੀ ਪੱਧਰ ਤੇ ਪੰਜਾਬੀ ਫੋਕਲੋਰ ਤੇ ਸਭਿਆਚਾਰ ਅਤੇ ਪਾਕਿਸਤਾਨੀ ਪੰਜਾਬੀ ਸਾਹਿਤ ਨੂੰ ਪਾਠ-ਕ੍ਰਮ ਦਾ ਭਾਗ ਬਣਾਉਣ ਵਿਚ ਡਾ. ਥਿੰਦ ਨੇ ਅਹਿਮ ਭੂਮਿਕਾ ਨਿਭਾਈ ਹੈ। ਸਾਹਿਤ ਦੇ ਦਾਨ-ਪ੍ਰਦਾਨ ਰਾਹੀਂ ਹਿੰਦ-ਪਾਕ ਸੰਬੰਧਾਂ ਨੂੰ ਸੁਖਾਵੇਂ ਬਣਾਉਣ ਵਿਚ ਉਨ੍ਹਾਂ ਨੇ ਪਾਕਿਸਤਾਨ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਦੀਆਂ ਦੋ ਦਰਜਨ ਪੁਸਤਕਾਂ ਫਾਰਸੀ/ਸ਼ਾਹਮੁਖੀ ਲਿਪੀ ਤੋਂ ਗੁਰਮੁਖੀ ਵਿਚ ਤਿਆਰ ਕਰਵਾ ਕੇ ਭਾਰਤੀ ਪਾਠਕਾਂ ਤਕ ਪਹੁੰਚਾਈਆਂ ਹਨ। ਡਾ. ਕਰਨੈਲ ਸਿੰਘ ਥਿੰਦ ਨੇ **ਡਾ. ਪ੍ਰੇਮ ਪ੍ਰਕਾਸ਼ ਸਿੰਘ ਸਿਮਰਤੀ ਗ੍ਰੰਥ** ਦਾ ਸੰਪਾਦਨ ਕੀਤਾ ਜਿਸ ਨੂੰ ਪੰਜਾਬ ਅਤੇ ਭਾਰਤ ਤੋਂ ਬਾਹਰ ਅੰਤਰ-ਰਾਸ਼ਟਰੀ ਪੱਧਰ ਤੇ ਪੰਜਾਬੀ ਪਾਠਕਾਂ ਨੇ ਬਹੁਤ ਸਲਾਹਿਆ ਹੈ। ਪੰਜਾਬੀ ਬੋਲੀ ਦੇ ਅਧਿਐਨ, ਅਧਿਆਪਨ, ਖੋਜ ਅਤੇ ਪੰਜਾਬੀ ਸਭਿਆਚਾਰ ਦੇ ਖੇਤਰ ਵਿਚ ਪ੍ਰਾਪਤੀਆਂ ਲਈ ਉਨ੍ਹਾਂ ਦੀ ਦੇਣ ਨੂੰ ਮੁੱਖ ਰੱਖ ਕੇ ਹਾਲ ਵਿਚ ਹੀ **ਵਿਰਾਸਤ ਫਾਊਂਡੇਸ਼ਨ ਆਫ ਕੈਨੇਡਾ** ਨੇ ਉਨ੍ਹਾਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਹੈ।